# ਆਪਣੀ COVID-19 ਵੈਕਸੀਨ ਲਗਵਾਉਣ ਲਈ ਟੀਕਾਕਰਨ ਕਲੀਨਿਕ ਵਿੱਚ ਜਾਣਾ




amaze | National Disability Services

Punjabi | ਪੰਜਾਬੀ




ਮੈਂ ਆਪਣੀ COVID-19 ਵੈਕਸੀਨ ਲਗਵਾਉਣ ਲਈ ਟੀਕਾਕਰਨ ਕਲੀਨਿਕ ਜਾ ਰਿਹਾ/ਰਹੀ ਹਾਂ।

ਇਹ ਕਲੀਨਿਕ ਸਿਰਫ਼ COVID-19 ਵੈਕਸੀਨ ਲਈ ਹਨ।

COVID-19 ਵੈਕਸੀਨ ਇੱਕ ਦਵਾਈ ਹੈ ਜੋ ਮੇਰੀ ਬਾਂਹ ਵਿੱਚ ਸੂਈ (ਟੀਕੇ) ਦੁਆਰਾ ਲਗਾਈ ਜਾਂਦੀ ਹੈ।

ਇਹ ਲੋਕਾਂ ਨੂੰ COVID-19 ਨਾਲ ਲਾਗ ਗ੍ਰਸਤ ਹੋਣ ਅਤੇ ਇਸ ਨੂੰ ਫ਼ੈਲਾਉਣ ਤੋਂ ਰੋਕਣ ਵਿੱਚ ਮਦਦ ਕਰੇਗੀ।

ਇਹ ਲੋਕਾਂ ਨੂੰ COVID-19 ਤੋਂ ਬਹੁਤ ਬਿਮਾਰ ਹੋਣ ਤੋਂ ਵੀ ਰੋਕ ਸਕਦੀ ਹੈ।




ਮੈਂ ਦਰਵਾਜ਼ੇ ਦੇ ਸਾਹਮਣੇ ਇੱਕ ਨਰਸ ਨੂੰ ਮਿਲਾਂਗਾ/ਗੀ।
ਸਟਾਫ਼ ਮੈਨੂੰ ਪੁੱਛੇਗਾ ਕਿ ਕੀ ਮੇਰੇ ਕੋਲ ਅਪੋਇੰਟਮੈਂਟ ਹੈ।
ਉਹ ਮੈਨੂੰ ਦੱਸਣਗੇ ਕਿ ਅੱਗੇ ਕੀ ਕਰਨਾ ਹੈ।




ਮੇਰੇ ਨਾਲ ਗਏ ਬਾਲਗ ਨੂੰ ਆਪਣੇ ਫ਼ੋਨ 'ਤੇ QR ਕੋਡ ਦੀ ਵਰਤੋਂ ਕਰਕੇ ਚੈੱਕ-ਇਨ ਕਰਨਾ ਹੋਵੇਗਾ।
ਜਾਂ ਉਹ ਮੇਰਾ ਨਾਮ ਅਤੇ ਫ਼ੋਨ ਨੰਬਰ ਲਿਖਣਗੇ।



ਜੇ ਮੈਂ ਪਹਿਲਾਂ ਹੀ ਮਾਸਕ ਪਾਇਆ ਹੋਇਆ ਹੈ, ਤਾਂ ਮੈਨੂੰ ਇੱਕ ਨਵਾਂ ਮਾਸਕ ਪਹਿਨਣ ਲਈ ਕਿਹਾ ਜਾਵੇਗਾ।
ਮੇਰਾ ਨਾਲ ਗਿਆ ਬਾਲਗ ਵੀ ਆਪਣੇ ਮਾਸਕ ਨੂੰ ਬਦਲ ਲਵੇਗਾ।



ਜਦੋਂ ਮੈਂ ਇਮਾਰਤ ਵਿੱਚ ਦਾਖਲ ਹੁੰਦਾ/ਦੀ ਹਾਂ ਤਾਂ ਮੈਨੂੰ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰਨ ਦੀ ਲੋੜ ਪੈ ਸਕਦੀ ਹੈ।
ਮੈਂ ਆਪਣਾ ਹੈਂਡ ਸੈਨੀਟਾਈਜ਼ਰ ਵੀ ਵਰਤ ਸਕਦਾ/ਸਕਦੀ ਹਾਂ।





ਸਟਾਫ਼ ਮੇਰੇ ਤਾਪਮਾਨ ਦੀ ਜਾਂਚ ਕਰ ਸਕਦਾ ਹੈ।
ਉਹ ਮੇਰੇ ਨਾਲ ਗਏ ਬਾਲਗ਼ ਦੇ ਤਾਪਮਾਨ ਦੀ ਵੀ ਜਾਂਚ ਕਰ ਸਕਦੇ ਹਨ।



ਮੈਂ ਅਤੇ ਮੇਰੇ ਨਾਲ ਗਿਆ ਬਾਲਗ਼ ਡੈਸਕ 'ਤੇ ਜਾਵਾਂਗੇ।

ਮੇਰਾ ਨਾਲ ਗਿਆ ਬਾਲਗ਼ ਸਟਾਫ਼ ਮੈਂਬਰ ਦੇ ਨਾਲ ਫਾਰਮ ਭਰੇਗਾ।

ਸਟਾਫ਼ ਮੈਂਬਰ ਮੈਨੂੰ ਦੱਸੇਗਾ ਕਿ ਅੱਗੇ ਕੀ ਕਰਨਾ ਹੈ।



ਨਰਸ ਮੈਨੂੰ ਕਮਰਾ ਦਿਖਾਏਗੀ।

ਮੈਂ ਧੁੱਪ ਦੀਆਂ ਐਨਕਾਂ ਲਗਾ ਸਕਦਾ/ਦੀ ਹਾਂ ਜਾਂ ਟੋਪੀ ਪਹਿਨ ਸਕਦਾ/ਦੀ ਹਾਂ ਜੇਕਰ ਚਾਨਣ ਬਹੁਤ ਜ਼ਿਆਦਾ ਹੈ।

ਮੇਰਾ ਨਾਲ ਗਿਆ ਹੋਇਆ ਬਾਲਗ਼ ਮੇਰੇ ਨਾਲ ਹੀ ਰਹੇਗਾ।



ਮੈਂ ਜਿੱਥੇ ਚਾਹਾਂ ਉੱਥੇ ਬੈਠ ਸਕਦਾ/ਦੀ ਹਾਂ। ਮੈਂ ਆਪਣੇ ਨਾਲ ਗਏ ਬਾਲਗ਼ ਦੀ ਗੋਦੀ ਵਿੱਚ ਬੈਠ ਸਕਦਾ/ਦੀ ਹਾਂ।
ਮੈਂ ਕੁਰਸੀ 'ਤੇ ਬੈਠ ਸਕਦਾ/ਦੀ ਹਾਂ। ਜਾਂ ਮੈਂ ਫਰਸ਼ 'ਤੇ ਬੈਠ ਸਕਦਾ/ਦੀ ਹਾਂ।



ਮੈਂ ਇੱਕ ਵੀਡੀਓ ਦੇਖ ਸਕਦਾ/ਦੀ ਹਾਂ। ਮੈਂ ਸੰਗੀਤ ਸੁਣ ਸਕਦਾ/ਦੀ ਹਾਂ।
ਮੈਂ ਆਪਣਾ ਖਿਡੌਣੇ ਨਾਲ ਖੇਡ ਸਕਦਾ/ਦੀ ਹਾਂ ਜਾਂ ਗਲੇ ਲਗਾ ਸਕਦਾ/ਦੀ ਹਾਂ।



ਨਰਸ ਮੇਰੇ ਨਾਲ ਗਏ ਬਾਲਗ਼ ਨੂੰ ਮੇਰੀ ਸਿਹਤ ਬਾਰੇ ਕੁਝ ਸਵਾਲ ਪੁੱਛੇਗੀ।



ਨਰਸ ਮੈਨੂੰ ਆਪਣਾ ਜੰਪਰ (ਕੋਟੀ ਜਾਂ ਜੈਕੇਟ) ਉਤਾਰਨ ਜਾਂ ਆਪਣੀ ਕਮੀਜ਼ ਦੀ ਬਾਂਹ ਨੂੰ ਉੱਪਰ ਚੁੱਕਣ ਲਈ ਕਹੇਗੀ।
ਜੇ ਮੈਨੂੰ ਟੀਕੇ ਬਾਰੇ ਘਬਰਾਹਟ ਮਹਿਸੂਸ ਹੁੰਦੀ ਹੈ, ਤਾਂ ਮੈਂ ਕੰਧ 'ਤੇ ਕਿਸੇ ਚੀਜ਼ ਵੱਲ ਦੇਖ ਸਕਦਾ/ਦੀ ਹਾਂ।
ਮੇਰਾ ਨਾਲ ਗਿਆ ਹੋਇਆ ਬਾਲਗ਼ ਮੈਨੂੰ ਦਿਲਾਸਾ ਦੇ ਸਕਦਾ ਹੈ।



ਮੈਨੂੰ ਟੀਕਾ ਲਗਾਉਣ ਤੋਂ ਬਾਅਦ, ਨਰਸ ਮੇਰੀ ਬਾਂਹ 'ਤੇ ਬੈਂਡ-ਏਡ ਅਤੇ/ਜਾਂ ਰੂੰਅ ਦਾ ਫ਼ੰਬਾ ਲਗਾ ਦੇਵੇਗੀ।
ਫਿਰ ਮੈਂ ਆਪਣੇ ਜੰਪਰ (ਕੋਟੀ ਜਾਂ ਜੈਕੇਟ) ਨੂੰ ਵਾਪਸ ਪਾ ਸਕਦਾ/ਦੀ ਹਾਂ, ਜਾਂ ਆਪਣੀ ਕਮੀਜ਼ ਦੀ ਬਾਂਹ ਨੂੰ ਹੇਠਾਂ ਕਰ ਸਕਦਾ/ਦੀ ਹਾਂ।



ਨਰਸ ਮੈਨੂੰ ਘਰ ਲਿਜਾਣ ਲਈ ਇੱਕ ਸ਼ੋਅਬੈਗ (ਥੈਲੀ) ਦੇਵੇਗੀ।

ਨਰਸ ਮੇਰੇ ਨਾਲ ਗਏ ਬਾਲਗ਼ ਨੂੰ ਇਸ ਬਾਰੇ ਇੱਕ ਜਾਣਕਾਰੀ ਸ਼ੀਟ ਦੇਵੇਗੀ ਕਿ ਟੀਕੇ ਤੋਂ ਬਾਅਦ ਕੀ ਉਮੀਦ ਕਰਨੀ ਹੈ।



ਮੈਂ 15 ਮਿੰਟਾਂ ਲਈ ਉੱਥੇ ਹੀ ਰਹਾਂਗਾ/ਗੀ।

ਟੀਕਾ ਲੱਗਣ ਦੇ ਬਾਅਦ ਇਹ ਹੁੰਦਾ ਹੈ।

ਮੇਰਾ ਨਾਲ ਗਿਆ ਹੋਇਆ ਬਾਲਗ਼ ਆਪਣੇ ਫ਼ੋਨ 'ਤੇ ਸਮਾਂ ਸੈੱਟ ਕਰ ਸਕਦਾ ਹੈ।

ਜਦੋਂ ਮੈਂ ਉਡੀਕ ਕਰ ਰਿਹਾ ਹੁੰਦਾ/ਦੀ ਹਾਂ ਤਾਂ ਮੈਂ ਸੰਗੀਤ ਸੁਣ ਸਕਦਾ/ਦੀ ਹਾਂ , ਵੀਡੀਓ ਦੇਖ ਸਕਦਾ/ਦੀ ਹਾਂ ਅਤੇ ਫਿਜੇਟ ਆਈਟਮਾਂ (ਧਿਆਨ ਭਟਕਾਉਣ ਵਾਲਿਆਂ ਚੀਜ਼ਾਂ) ਦੀ ਵਰਤੋਂ ਕਰ ਸਕਦਾ/ਦੀ ਹਾਂ।

ਮੈਂ ਆਪਣੇ ਸ਼ੋਅਬੈਗ ਦੀਆਂ ਚੀਜ਼ਾਂ ਨਾਲ ਖੇਡ ਸਕਦਾ/ਦੀ ਹਾਂ।



ਜਦੋਂ 15 ਮਿੰਟ ਖ਼ਤਮ ਹੋ ਜਾਣਗੇ, ਨਰਸ ਮੈਨੂੰ ਕੁੱਝ ਸਵਾਲ ਪੁੱਛੇਗੀ।
ਜੇ ਮੈਂ ਚਾਹਾਂ, ਤਾਂ ਮੈਂ ਇਸ ਬਾਰੇ ਆਪਣੇ ਨਾਲ ਗਏ ਬਾਲਗ਼ ਨੂੰ ਦੱਸ ਸਕਦਾ/ਦੀ ਹਾਂ ਅਤੇ ਉਹ ਮੇਰੇ ਲਈ ਨਰਸ ਨਾਲ ਗੱਲ ਕਰ ਸਕਦੇ ਹਨ।




ਮੈਂ ਹੁਣ ਟੀਕਾਕਰਨ ਕਲੀਨਿਕ ਛੱਡ ਕੇ ਜਾ ਸਕਦਾ/ਸਕਦੀ ਹਾਂ।

ਅਮੇਜ਼ (Amaze) ਅਤੇ ਨੈਸ਼ਨਲ ਡਿਸਏਬਿਲਟੀ ਸਰਵਿਸਿਜ਼ (National Disability Services) ਦੁਆਰਾ ਸਾਂਝੇਦਾਰੀ ਵਿੱਚ ਮਾਣ ਨਾਲ ਤਿਆਰ ਕੀਤਾ ਗਿਆ ਹੈ

---


ਅਮੇਜ਼ (Amaze)

ਫ਼ੋਨ: 03 9657 1600

www.amaze.org.au

ਈਮੇਲ: info@autismconnect.org.au


---


ਨੈਸ਼ਨਲ ਡਿਸਏਬਿਲਟੀ ਸਰਵਿਸਿਜ਼ (National Disability Services)

ਫ਼ੋਨ: 03 8341 4300

www.nds.org.au

ਈਮੇਲ: ndsvic@nds.org.au


---


**ਮਾਨਤਾਵਾਂ**

ਸਾਰਿਆਂ EACH ਘੱਟ ਸੰਵੇਦਨਸ਼ੀਲ, ਬੱਚਿਆਂ ਅਤੇ ਬਾਲਗ਼ ਟੀਕਾਕਰਨ ਕਲੀਨਿਕ ਦੇ ਸਮੁੱਚੇ ਸਟਾਫ਼ ਨੂੰ ਉਹਨਾਂ ਦੇ ਸਮਰਥਨ ਲਈ ਅਤੇ ਇਸ ਸਰੋਤ ਦੇ ਵਿਕਾਸ ਵਿੱਚ ਹਿੱਸਾ ਲੈਣ ਵਾਲੇ ਪਰਿਵਾਰ ਨੂੰ ਧੰਨਵਾਦ ਸਹਿਤ।

ਇਹ ਸਮਾਜਿਕ ਪਟਕਥਾ ਅਮੇਜ਼ (Amaze) ਅਤੇ ਨੈਸ਼ਨਲ ਡਿਸਏਬਿਲਟੀ ਸਰਵਿਸਿਜ਼ (NDS) ਦੁਆਰਾ ਵਿਕਟੋਰੀਆ ਦੇ ਸਿਹਤ ਵਿਭਾਗ (Victorian Department of Health) ਅਤੇ ਵਿਕਟੋਰੀਆ ਦੇ ਫੈਮਿਲੀਜ਼ ਫੇਅਰਨੈੱਸ ਐਂਡ ਹਾਊਸਿੰਗ ਵਿਭਾਗ (Victorian Department of Families Fairness and Housing.) ਦੇ ਸਹਿਯੋਗ ਨਾਲ ਬਣਾਈ ਗਈ ਸੀ।



© Amaze 2022


